(Started typing while sitting at McDonald, Hollywood Blvd, CA on Oct 12, 2007)

# ਤੇਰਾ ਸੁਪਣਾ

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਕੱਲ ਸ਼ਾਮ ਨੂੰ ਜਦੋ ਮੈ ਕੰਮ ਤੋ ਘਰ ਆਇਆ,
ਥੱਕੇ ਹਾਰੇ ਨੇ ਢਿੱਡ ਭੱਰਨ ਲਈ ਖਾਣਾ ਬਣਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਪਹਿਲੀ ਤੋੜੀ ਬੁਰਕੀ ਰੋਟੀ ਦੀ,
ਖਿਆਲ ਜੰਨਾਬ ਉਹਨਾ ਦਾ ਆਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਮੰਨ ਕਹਿੰਦਾ ਖਾਣਾ ਲੱਗਦਾ ਦੁਗਣਾ-ਤਿਗੱਣਾ ਸੁਆਦ,
ਜੇ ਕਿਤੇ ਹੁੰਦਾ ਤੇਰੇ ਹੱਥਾ ਨਾਲ ਬਣਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਖਾਣਾ ਖਾ-ਝੁਲਸ ਕੇ ਫਿਰ ਮੈ ਆਪਣਾ **Bed** ਵਿਛਾਇਆ,
ਤੇਰਾ ਪੱਟ ਸੰਮਜਕੇ ਸਿਰ ਮੈ **Pillow** ਤੇ ਟਿਕਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

Oct 12, 2007

ਤੇਰਾ ਸੁਪਣਾ

(Started typing while sitting at McDonald, Hollywood Blvd, CA on Oct 12, 2007)

ਸੁਭਾ ਉਠਣ ਲਈ ਮੈ **Alarm** ਸੁਭਾ ਚਾਰ ਵਜੇ ਦਾ ਲਾਇਆ,
ਥੱਕੇ-ਹਾਰੇ ਨੂੰ ਪਹਿਲਾ ਘੜਾੜਾ ਮਿੰਟਾ-ਸਕਿੰਟਾ ਚ' ਆਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਅੱਖਾ ਵਾਲੇ ਦਰਵਾਜੇ ਬੰਦ ਹੋਏ ਹੀ ਸੀ,
ਦਿਲ ਵਾਲੇ ਦਰਵਾਜੇ ਦਾ ਤੂੰ ਕੁੰਡਾ ਖੱੜਕਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਅਸੀ ਤੈਨੂੰ ਸੁਪਣਿਆ ਚ' ਵੀ ਆਪਣਾ ਸੰਮਜਿਆ,
ਤੂੰ ਸਾਨੂੰ ਹਮੇਸਾ ਸੰਮਜਿਆ ਬਿਗਾਨਾ-ਪਰਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਤੇਰੇ ਦਰਵਾਜੇ ਆ-ਆ ਕੇ ਵਣਜਾਰਾ ਥੱਕਿਆ,
ਪਰ ਤੇਰੇ ਰਕਾਨੇ ਗੱਜਰਾ ਪਸੰਦ ਨਾ ਆਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਅੱਖ ਖੁਲੀ ਡਰਕੇ ਤੇ ਪਸੀਨਾ ਮੱਥੇ ਤੇ ਆਇਆ,
ਇਹ ਇਕ ਸੁਪਣਾ ਸੀ ਮੰਨ ਨੂੰ ਫਿਰ ਸੰਮਜਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

**Oct 12, 2007**

ਤੇਰਾ ਸੁਪਣਾ
(Started typing while sitting at McDonald, Hollywood Blvd, CA on Oct 12, 2007)

ਅਸੀ ਤੇਰੇ ਲਈ ਜਿੰਦਗੀ ਦਾ ਹਰ ਸੁਖ ਸੋਚਿਆ,
ਪਰ ਰਕਾਨੇ ਤੂੰ ਸਾਨੂੰ ਸੁਪਣਿਆਂ ਚ' ਵੀ ਸਤਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਤੱੜਕੇ ਦੋ ਵੱਜੇ ਦਾ ਟਾਈਮ ਸੀ,
ਨੀਦ ਪੂਰੀ ਕਰਨ ਲਈ ਰਜਾਈ ਦਾ ਪੱਲਾ ਫਿਰ ਦਬਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਸਾਥੋ ਪਰੇ ਰਹਿਕੇ ਸਾਨੂੰ ਪਤਾ ਤੂੰ ਕੀ ਖੋਇਆ,
ਪਰ ਸਾਨੂੰ ਇਹ ਨਹੀ ਪਤਾ ਕਿ ਤੂੰ ਕੀ ਪਾਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

ਰੋ-ਰੋ ਰਕਾਨੇ ਸਾਡੇ ਹੰਝੂ ਮੁਕਗਏ,
ਪਰ ਤੈਨੂੰ **Sarjinder** ਤੇ ਤੱਰਸ ਨਾ ਆਇਆ ।

ਰਾਤ ਰਕਾਨੇ ਫਿਰ ਤੇਰਾ ਸੁਪਣਾ ਆਇਆ,
ਨਾ ਚਾਹੁੰਦੇ ਹੋਏ ਭੀ ਤੈਨੂੰ ਫਿਰ ਗਲ ਨਾਲ ਲਾਇਆ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**Oct 12, 2007**